## 35 ਐਸ.ਸੀ.ਈ. ਐਸ (9) ਅਨੁਸੂਚਿਤ ਜਾਤੀਆਂ ਦੇ ਵਿਦਿਅਕ, ਸਮਾਜਿਕ ਅਤੇ ਆਰਥਿਕ ਵਿਕਾਸ ਨੂੰ ਉਨਤ ਕਰਨ ਵਾਲੀਆਂ ਪੰਚਾਇਤਾਂ ਨੂੰ ਇਨਾਮ

### ਸਕੀਮ ਦਾ ਮੰਤਵ

ਪਿੰਡਾਂ ਵਿੱਚ ਰਹਿ ਰਹੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਦਾ ਸਰਵ-ਪੱਖੀ ਵਿਕਾਸ ਕਰਨ ਲਈ ਪੰਚਾਇਤਾਂ ਅਹਿਮ ਰੋਲ ਅਦਾ ਕਰ ਸਕਦੀਆਂ ਹਨ। ਪੰਜਾਬ ਰਾਜ ਵਿੱਚ ਕੁਲ 12278 ਪਿੰਡ ਹਨ ਜਿਸ ਵਿਚੋਂ 3788 ਅਜਿਹੇ ਪਿੰਡਾਂ ਦੀ ਸ਼ਨਾਖਤ ਕੀਤੀ ਗਈ ਹੈ, ਜਿਨ੍ਹਾਂ ਵਿੱਚ ਅਨੁਸੂਚਿਤ ਜਾਤੀ ਦੀ ਆਬਾਦੀ 40% ਅਤੇ ਇਸ ਤੋਂ ਜਿਆਦਾ ਹੈ। ਭਲਾਈ ਵਿਭਾਗ, ਪੰਜਾਬ ਵਲੋਂ ਅਨੁਸੂਚਿਤ ਜਾਤੀਆਂ ਦੇ ਵਿਦਿਅਕ, ਸਮਾਜਿਕ ਅਤੇ ਆਰਥਿਕ ਵਿਕਾਸ ਜਿਵੇਂ ਕਿ ਛੂਤ-ਛਾਤ .ਦੂਰ ਕਰਨ ਅਤੇ ਅਤਿਆਚਾਰ ਦੀਆਂ ਘਟਨਾਵਾਂ ਨੂੰ ਰੋਕਣ ਲਈ ਉਪਰਾਲੇ ਕਰਨ, ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦੀ 100% ਹਾਜਰੀ ਯਕੀਨੀ ਬਣਾਉਣਾ ਅਤੇ ਉਨ੍ਹਾਂ ਦਾ ਡਰਾਪ-ਆਊਟ ਰੋਕਣ ਲਈ, ਅਨੁਸੂਚਿਤ ਜਾਤੀਆਂ ਦੀਆਂ ਔਰਤਾਂ ਨੂੰ 80% ਤੋਂ 90% ਪਖਾਨੇ ਸਬੰਧੀ ਸਹੂਲਤਾਂ ਪ੍ਰਦਾਨ ਕਰਨਾ ਅਤੇ ਪਿੰਡਾਂ ਦੀਆਂ ਗਲੀਆਂ ਨਾਲੀਆਂ ਪੱਕਾ ਕਰਾਉਣਾ ਹੈ ਆਦਿ ਲਈ ਉਤਮ ਕੰਮ ਕਰਨ ਵਾਲੀਆਂ ਪੰਚਾਇਤਾਂ ਨੂੰ ਇਨਾਮ ਦੇ ਕੇ ਉਤਸ਼ਾਹਿਤ ਕਰਨ ਦੀ ਤਜਵੀਜ ਹੈ।

### ਇਨਾਮ ਦੀ ਦਰ ਅਤੇ ਕਵਰੇਜ਼

ਇਸ ਸਕੀਮ ਤਹਿਤ ਅਨੁਸੂਚਿਤ ਜਾਤੀਆਂ ਦੇ ਵਿਦਿਅਕ, ਸਮਾਜਿਕ ਅਤੇ ਆਰਥਿਕ ਵਿਕਾਸ ਲਈ ਵਧੀਆ ਕੰਮ ਕਰਨ ਵਾਲੀਆਂ ਪੰਚਾਇਤਾਂ ਨੂੰ 50,000/-ਰੁਪਏ ਪ੍ਰਤੀ ਪੰਚਾਇਤ ਦੀ ਦਰ ਨਾਲ ਇਨਾਮ ਦਿੱਤਾ ਜਾਵੇਗਾ । ਇਨਾਮ ਵਜੋਂ ਦਿੱਤੀ ਜਾਣ ਵਾਲੀ ਰਾਸ਼ੀ ਪਿੰਡ ਤੇ ਵਿਕਾਸ ਲਈਖਰਚੀ ਜਾਵੇਗੀ ਬਸ਼ਰਤੇ ਕਿ ਇਸ ਵਿਚੋਂ 25% ਰਾਸ਼ੀ ਅਨੁਸੂਚਿਤ ਜਾਤੀ ਦੀਆਂ ਔਰਤਾਂ ਤੇ ਸ਼ਕਤੀਕਰਨ ਅਤੇ ਸਰਵ-ਪੱਖੀ ਵਿਕਾਸ ਤੇ ਖਰਚ ਕੀਤੀ ਜਾਵੇਗੀ। ਸਾਲ 2008-09 ਵਿੱਚ 100.00 ਲੱਖ ਰੁਪਏ ਦੀ ਰਾਸ਼ੀ 200 ਪੰਚਾਇਤਾਂ (10 ਪੰਚਾਇਤਾਂ ਪ੍ਰਤੀ ਜਿਲ੍ਹਾ) ਕਵਰ ਕਰਨ ਲਈ ਰਾਖਵੀਂ ਰੱਖੀ ਗਈ ਸੀ ਪ੍ਰੰਤੂ ਸਕੀਮ ਕਲੀਅਰ ਨਾ ਹੋਣ ਕਾਰਨ ਕੋਈ ਰਾਸ਼ੀ ਖਰਚ ਨਹੀਂ ਕੀਤੀ ਜਾ ਸਕੀ। ਸਾਲ 2009-10 ਦੌਰਾਨ ਸਕੀਮ ਨੂੰ ਲਾਗੂ ਕਰਨ ਲਈ 100.00 ਲੱਖ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ ਹੈ।

### ਪੰਚਾਇਤਾਂ ਦੀ ਚੋਣ ਲਈ ਨਾਰਮਜ਼/ਸ਼ਰਤਾਂ

ਪੰਚਾਇਤਾਂ ਦੀ ਚੋਣ ਜਿਲ੍ਹਾ ਪੱਧਰ ਤੇ ਗਠਿਤ ਹੇਠ ਲਿਖੀ ਕਮੇਟੀ ਵਲੋਂ ਕੀਤੀ ਜਾਵੇਗੀ :-

| | | |
|---|---|---|
| 1 | ਡਿਪਟੀ ਕਮਿਸ਼ਨਰ | ਚੇਅਰਮੈਨ |
| 2 | ਉਪ-ਮੰਡਲ ਮੈਜਿਸਟਰੇਟ (ਸਬੰਧਤ ਡਵੀਜਨ) | ਮੈਂਬਰ |
| 3 | ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ | ਮੈਂਬਰ |
| 4 | ਜਿਲ੍ਹਾ ਭਲਾਈ ਅਫਸਰ | ਮੈਂਬਰ ਸਕੱਤਰ |

ਉਕਤ ਕਮੇਟੀ ਵਲੋਂ ਪੰਚਾਇਤਾਂ ਦੀ ਚੋਣ ਸਮੇਂ ਹੇਠ ਲਿਖੀਆਂ ਗਾਈਡ-ਲਾਈਨਜ਼ ਨੂੰ ਧਿਆਨ

ਵਿੱਚ ਰੱਖਿਆ ਜਾਵੇਗਾ :-

(ੳ) ਸਿਵਲ ਸੁਰੱਖਿਆ ਐਕਟ 1955 ਅਤੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਅਤਿਆਚਾਰ ਰੋਕਥਾਮ ਐਕਟ 1989 ਨੂੰ ਅਸਰਦਾਰ ਢੰਗ ਨਾਲ ਲਾਗੂ ਕਰਕੇ ਆਪਣੇ-ਆਪਣੇ ਇਲਾਕੇ ਵਿੱਚ ਛੂਤ-ਛਾਤ ਦੀ ਬੁਰਾਈ ਨੂੰ ਖਤਮ ਕਰਨ ਅਤੇ ਅਨੁਸੂਚਿਤ ਜਾਤੀਆਂ ਤੇ ਅਤਿਆਚਾਰਾਂ ਨੂੰ ਪੂਰਨ ਤੌਰ ਤੇ ਰੋਕਣ ਲਈ ਉਪਰਾਲੇ ਕਰਨਾ;

(ਅ) ਪਿੰਡਾਂ ਵਿੱਚ ਵਿਦਿਅਕ ਅਦਾਰਿਆਂ ਵਿੱਚ ਅਨੁਸੂਚਿਤ ਜਾਤੀਆਂ ਦੇ ਬੱਚਿਆਂ ਦਾ ਡਰਾਪ-ਆਊਟ ਰੋਕਣ ਅਤੇ 100% ਦਾਖਲਾ ਯਕੀਨੀ ਬਣਾਉਣਾ;

(ੲ) ਅਨੁਸੂਚਿਤ ਜਾਤੀਆਂ ਦੀ ਆਬਾਦੀ ਵਾਲੇ ਮੁਹੱਲਿਆਂ /ਕਸਬਿਆਂ ਵਿੱਚ ਜਲਵਾਹਤ ਪਖਾਨਿਆਂ ਦੀ ਸਹੂਲਤ ਮੁਹੱਈਆ ਕਰਵਾਉਣਾ;

(ਸ) ਅਨੁਸੂਚਿਤ ਜਾਤੀਆਂ ਦੀ ਆਬਾਦੀ ਵਾਲੇ ਮੁਹੱਲਿਆਂ/ਕਸਬਿਆਂ ਵਿੱਚ ਮੁਢਲੀਆਂ ਸਹੂਲਤਾਂ ਜਿਵੇਂ ਪੀਣ ਵਾਲਾ ਪਾਣੀ, ਬਿਜਲੀ ਦਾ ਪ੍ਰਬੰਧ, ਸੜਕਾ, ਨਾਲੀਆਂ ਆਦਿ ਦੀ ਮੁਰੰਮਤ;

(ਹ) ਪਿੰਡਾਂ ਦੇ ਵਿਕਾਸ ਲਈ ਪੰਚਾਇਤਾਂ ਵਲੋਂ ਕੀਤੇ ਜਾ ਰਹੇ ਕੰਮਾਂ ਵਿੱਚ ਅਨੁਸੂਚਿਤ ਜਾਤੀਆਂ ਦੀਆਂ ਔਰਤਾਂ ਨੂੰ ਸ਼ਾਮਲ ਕਰਕੇ ਔਰਤਾਂ ਦਾ ਸ਼ਕਤੀਕਰਨਾ

(ਕ) ਪਿੰਡਾਂ ਵਿੱਚ ਅਨੁਸੂਚਿਤ ਜਾਤੀਆਂ ਦੀਆਂ ਔਰਤਾਂ ਨੂੰ ਵੱਖ-ਵੱਖ ਕਿੱਤਿਆਂ ਵਿੱਚ ਟਰੇਨਿੰਗ ਦਿਵਾ ਕੇ ਅਤੇ ਵੱਖ-ਵੱਖ ਵਿੱਤੀ ਸੰਸਥਾਵਾਂ/ਬੈਂਕਾਂ ਤੋਂ ਆਸਾਨ ਕਿਸ਼ਤਾਂ ਤੇ ਕਰਜੇ ਮੁਹੱਈਆ ਕਰਵਾ ਕੇ ਸਵੈ ਰੁਜਗਾਰ ਉਪਲਭੱਧ ਕਰਵਾਉਣਾ ;

(ਖ) ਨੌਜਵਾਨਾਂ ਨੂੰ ਨੈਸ਼ਨਲ ਖੇਡਾਂ ਪ੍ਰਤੀ ਸਿਖਲਾਈ ਦੇ ਕੇ ਉਤਸ਼ਾਹਿਤ ਕਰਨਾ

(ਗ) ਪਿੰਡਾਂ ਵਿਚੋਂ ਸਮਾਜਿਕ ਬੁਰਾਈਆਂ ਜਿਵੇਂ ਕਿ ਭਰੂਣ ਹੱਤਿਆ, ਦਹੇਜ ਪ੍ਰਥਾ ਆਦਿ ਨੂੰ ਰੋਕਣ ਲਈ ਉਪਰਾਲੇ ਕਰਨਾ।

<u>ਅਦਾਇਗੀ ਦੀ ਵਿਧੀ</u>

ਚੋਣ ਕਮੇਟੀ ਵਲੋਂ ਚੁਣੀਆਂ ਗਈਆਂ ਪੰਚਾਇਤਾਂ ਦੀਆਂ ਸਿਫਾਰਸ਼ਾਂ ਜਿਲ੍ਹਾ ਭਲਾਈ ਅਫਸਰ ਰਾਹੀਂ ਡਾਇਰੈਕਟਰ, ਭਲਾਈ ਵਿਭਾਗ, ਪੰਜਾਬ ਨੂੰ ਭੇਜੀਆਂ ਜਾਣਗੀਆਂ ਜੋ ਕਿ ਪੰਚਾਇਤਾਂ ਦੇ ਨਾਂ ਤੇ ਪ੍ਰਵਾਨਗੀ ਜਾਰੀ ਕਰਨਗੇ ਅਤੇ ਇਨਾਮ ਦੀ ਰਾਸ਼ੀ ਆਰ.ਟੀ.ਆਰ. ਦੀ ਸ਼ਕਲ ਵਿੱਚ ਸਬੰਧਤ ਜਿਲ੍ਹਾ ਭਲਾਈ ਅਫਸਰਾਂ ਨੂੰ ਭੇਜਣਗੇ। ਇਨਾਮ ਦੀ ਰਾਸ਼ੀ ਪਿੰਡ ਦੇ ਵਿਕਾਸ ਦੇ ਕੰਮ ਤੇ ਖਰਚ ਕਰਵਾਉਣ ਲਈ ਅਤੇ ਵਰਤੋਂ ਸਰਟੀਫਿਕੇਟ ਡਾਇਰੈਕਟਰ,ਭਲਾਈ ਵਿਭਾਗ, ਪੰਜਾਬ ਨੂੰ ਭੇਜਣ ਲਈ ਜਿਲ੍ਹਾ ਭਲਾਈ ਅਫਸਰ ਜਿਮੇਵਾਰ ਹੋਣਗੇ। ਡਿਪਟੀ ਕਮਿਸ਼ਨਰਾਂ ਵਲੋਂ, ਪ੍ਰਵਾਨਤ ਪੰਚਾਇਤਾਂ ਨੂੰ ਨੈਸ਼ਨਲ ਡੇ ਜਿਵੇਂ ਕਿ 26 ਜਨਵਰੀ +ਰਿਪਬਲਿਕ ਡੇ) ਜਾਂ 15 ਅਗਸਤ (ਆਜਾਦੀ ਦਿਵਸ) ਮੌਕੇ ਸਨਮਾਨਿਤ ਕੀਤਾ ਜਾਵੇ।

**ਸੈਕਸ਼ਨਿੰਗ ਅਤੇ ਕੰਟਰੋਲਿੰਗ ਅਥਾਰਟੀ**

ਸਕੀਮ ਨੂੰ ਸੁਚੱਜੇ ਢੰਗ ਨਾਲ ਲਾਗੂ ਕਰਨ ਲਈ ਡਾਇਰੈਕਟਰ, ਭਲਾਈ ਵਿਭਾਗ, ਪੰਜਾਬ ਪੰਸ ਪ੍ਰਵਾਨਗੀ ਜਾਰੀ ਕਰਨ ਅਤੇ ਸਕੀਮਾਂ ਦੇ ਸਮੁਚੇ ਕੰਟਰੋਲਿੰਗ ਦੇ ਅਧਿਕਾਰੀ ਹੋਣਗੇ।